ਤੱਥ ਸ਼ੀਟ

# ਦਵਾਈ ਦੀ ਇਲੈਕਟ੍ਰਾਨਿਕ

## ਇਲੈਕਟ੍ਰਾਨਿਕ ਪ੍ਰਸਕ੍ਰਿਪਸ਼ਨ ਕੀ ਹੁੰਦੀ ਹੈ?

ਇਲੈਕਟ੍ਰਾਨਿਕ ਪ੍ਰਸਕ੍ਰਿਪਸ਼ਨ ਡਾਕਟਰ ਦੁਆਰਾ ਲਿਖੀ ਗਈ ਦਵਾਈ ਦੀ ਕਾਗਜ਼ੀ ਪਰਚੀ ਦਾ ਇੱਕ ਡਿਜ਼ੀਟਲ ਸੰਸਕਰਣ ਹੈ। ਉਹ ਕਾਗਜ਼ੀ ਦਵਾਈ ਦੀ ਪਰਚੀ ਦੇ ਸੁਰੱਖਿਅਤ ਅਤੇ ਸੁਵਿਧਾਜਨਕ ਬਦਲ ਹਨ। ਜਦੋਂ ਤੁਸੀਂ ਆਪਣੇ ਡਾਕਟਰ ਕੋਲ ਜਾਂਦੇ ਹੋ ਅਤੇ ਤੁਹਾਨੂੰ ਅਗਲੀ ਦਵਾਈ ਦੀ ਪਰਚੀ ਦੀ ਲੋੜ ਹੁੰਦੀ ਹੈ, ਤਾਂ ਤੁਸੀਂ ਇਲੈਕਟ੍ਰਾਨਿਕ ਦਵਾਈ ਦੀ ਪਰਚੀ ਲੈਣ ਦੀ ਚੋਣ ਕਰ ਸਕਦੇ ਹੋ।

## ਦਵਾਈ ਦੀ ਇਲੈਕਟ੍ਰਾਨਿਕ ਪਰਚੀ ਦੇ ਕੀ ਫ਼ਾਇਦੇ ਹਨ?

- ਹੁਣ ਦਵਾਈ ਦੀ ਕਾਗਜ਼ੀ ਪਰਚੀ ਨਾਲ ਲੈ ਕੇ ਜਾਣ ਦੀ ਲੋੜ ਨਹੀਂ ਹੈ ਅਤੇ ਇਸ ਨਾਲ ਦਵਾਈ ਦੀ ਪਰਚੀ ਦੇ ਗੁਆਚਣ ਦਾ ਜ਼ੋਖਮ ਵੀ ਘੱਟ ਜਾਂਦਾ ਹੈ।
- ਤੁਸੀਂ ਆਪਣੇ ਮੋਬਾਈਲ 'ਤੇ ਜਿੱਥੇ ਵੀ ਤੁਹਾਡੇ ਕੋਲ ਇੰਟਰਨੈੱਟ ਹੈ, ਆਪਣੀ ਦਵਾਈ ਦੀ ਇਲੈਕਟ੍ਰਾਨਿਕ ਪਰਚੀ ਦੇਖ ਸਕਦੇ ਹੋ।
- ਜੇ ਤੁਸੀਂ ਅਕਸਰ ਸਫ਼ਰ ਕਰਦੇ ਹੋ ਤਾਂ ਦਵਾਈ ਦੀ ਇਲੈਕਟ੍ਰਾਨਿਕ ਪਰਚੀ ਇੱਕ ਵਧੇਰੇ ਸੁਵਿਧਾਜਨਕ ਬਦਲ ਹੈ। ਜੇਕਰ ਤੁਸੀਂ ਆਪਣੀ ਫਾਰਮੇਸੀ ਵਿੱਚ ਨਹੀਂ ਜਾ ਸਕਦੇ ਹੋ, ਤਾਂ ਦਵਾਈ ਦੀ ਇਲੈਕਟ੍ਰਾਨਿਕ ਪਰਚੀ ਦੀ ਵਰਤੋਂ ਕਰਕੇ ਆਪਣੀਆਂ ਦਵਾਈਆਂ ਦਾ ਆਰਡਰ ਦੇਣਾ ਆਸਾਨ ਅਤੇ ਤੇਜ਼ ਹੁੰਦਾ ਹੈ।
- ਜੇ ਤੁਸੀਂ ਟੈਲੀਹੈਲਥ ਰਾਹੀਂ ਸਲਾਹ ਲੈ ਰਹੇ ਹੋ, ਤਾਂ ਤੁਸੀਂ ਆਪਣੀ ਦਵਾਈ ਦੀ ਪਰਚੀ ਤੁਰੰਤ ਪ੍ਰਾਪਤ ਕਰ ਸਕਦੇ ਹੋ।

## ਮੈਂ ਦਵਾਈ ਦੀ ਇਲੈਕਟ੍ਰਾਨਿਕ ਪਰਚੀ ਕਿਵੇਂ ਪ੍ਰਾਪਤ ਕਰਾਂ?

ਤੁਹਾਡਾ ਡਾਕਟਰ ਤੁਹਾਡੇ ਮੋਬਾਈਲ ਫ਼ੋਨ 'ਤੇ ਇੱਕ SMS ਜਾਂ ਈਮੇਲ ਭੇਜੇਗਾ। ਇਸ ਵਿੱਚ 'ਟੋਕਨ' ਵਜੋਂ ਜਾਣੇ ਜਾਂਦੇ ਇੱਕ ਵਿਲੱਖਣ QR ਬਾਰਕੋਡ ਦਾ ਇੱਕ ਲਿੰਕ ਹੋਵੇਗਾ ਜਿਸ ਵਿੱਚ ਤੁਹਾਡੀ ਦਵਾਈ ਦੀ ਪਰਚੀ ਦੀ ਜਾਣਕਾਰੀ ਸ਼ਾਮਲ ਹੈ। ਤੁਹਾਨੂੰ ਹਰ ਦਵਾਈ ਲਈ ਇੱਕ ਵੱਖਰਾ ਟੋਕਨ ਪ੍ਰਾਪਤ ਹੋਵੇਗਾ ਜੋ ਤੁਹਾਨੂੰ ਲੈਣ ਲਈ ਲਿਖੀ ਗਈ ਹੈ। ਆਪਣੇ ਡਾਕਟਰ ਨਾਲ ਸਲਾਹ-ਮਸ਼ਵਰਾ ਖ਼ਤਮ ਕਰਨ ਤੋਂ ਪਹਿਲਾਂ ਜਾਂਚ ਕਰ ਲਓ ਕਿ ਤੁਹਾਨੂੰ ਆਪਣਾ ਟੋਕਨ ਮਿਲ ਗਿਆ ਹੈ।

## ਮੈਂ ਦਵਾਈ ਦੀ ਇਲੈਕਟ੍ਰਾਨਿਕ ਪਰਚੀ ਦੀ ਵਰਤੋਂ ਕਿਵੇਂ ਕਰਾਂ?

ਆਪਣੇ ਡਾਕਟਰ ਵਲੋਂ ਪ੍ਰਾਪਤ ਸੁਨੇਹੇ ਨੂੰ ਖੋਲ੍ਹੋ। ਇਸਤੋਂ ਬਾਅਦ, ਸੁਨੇਹੇ ਵਿੱਚ ਦਿੱਤੇ ਲਿੰਕ 'ਤੇ ਕਲਿੱਕ ਕਰੋ। ਸਕ੍ਰੀਨ 'ਤੇ ਤੁਹਾਡੀ ਦਵਾਈ ਦੀ ਇਲੈਕਟ੍ਰਾਨਿਕ ਪਰਚੀ ਦਾ ਟੋਕਨ ਦਿਖਾਈ ਦੇਵੇਗਾ।

ਆਪਣੀ ਪਸੰਦ ਦੀ ਫਾਰਮੇਸੀ 'ਤੇ ਜਾਓ ਅਤੇ ਆਪਣਾ ਟੋਕਨ ਦਿਖਾਓ। ਉਹ ਟੋਕਨ ਨੂੰ ਸਕੈਨ ਕਰਨਗੇ ਅਤੇ ਤੁਹਾਨੂੰ ਦਵਾਈ ਮੁੱਹਈਆ ਕਰਨਗੇ। ਜੇਕਰ ਤੁਹਾਡੀ ਪਰਚੀ 'ਤੇ ਇੱਕ ਤੋਂ ਵੱਧ ਵਾਰ ਦਵਾਈ ਲੈਣ ਲਈ ਲਿਖੀ ਹੋਈ ਹੈ, ਤਾਂ ਤੁਹਾਡੀ ਫਾਰਮੇਸੀ ਤੁਹਾਨੂੰ ਅਗਲੀ ਵਾਰ ਦਵਾਈ ਲੈਣ ਲਈ ਇੱਕ ਨਵਾਂ ਟੋਕਨ ਭੇਜੇਗੀ।

ਸਮਾਂ ਬਚਾਉਣ ਲਈ, ਤੁਸੀਂ ਆਪਣੇ ਟੋਕਨ ਨੂੰ ਸਿੱਧਾ ਹੀ ਫਾਰਮੇਸੀ ਨੂੰ ਭੇਜ ਸਕਦੇ ਹੋ ਤਾਂ ਜੋ ਇਹ ਲੈਣ ਲਈ ਤਿਆਰ ਕਰਕੇ ਰੱਖਿਆ ਗਿਆ ਹੋਵੇ ਜਾਂ ਤੁਹਾਡੇ ਘਰ ਪਹੁੰਚਾਇਆ ਜਾ ਸਕੇ (ਜੇ ਇਹ ਸੇਵਾ ਉਪਲਬਧ ਹੈ ਤਾਂ)।

## ਕੀ ਕੋਈ ਹੋਰ ਮੇਰੀ ਤਰਫੋਂ ਮੇਰੀ ਦਵਾਈ ਲੈ ਕੇ ਆ ਸਕਦਾ ਹੈ?

ਹਾਂ, ਤੁਸੀਂ ਆਪਣਾ ਟੋਕਨ ਕਿਸੇ ਭਰੋਸੇਮੰਦ ਦੋਸਤ/ਪਰਿਵਾਰਕ ਮੈਂਬਰ/ਦੇਖਭਾਲਕਰਤਾ ਨੂੰ ਭੇਜ ਸਕਦੇ ਹੋ ਅਤੇ ਉਹ ਤੁਹਾਡੀ ਤਰਫੋਂ ਤੁਹਾਡੀ ਦਵਾਈ ਲੈ ਕੇ ਆ ਸਕਦੇ ਹਨ।

## ਜੇਕਰ ਮੈਂ ਗ਼ਲਤੀ ਨਾਲ ਆਪਣੀ ਇਲੈਕਟ੍ਰਾਨਿਕ ਦਵਾਈ ਦੀ ਪਰਚੀ ਗੁਆ ਜਾਂ ਨਸ਼ਟ ਕਰ ਦੇਵਾਂ ਤਾਂ ਕੀ ਹੁੰਦਾ ਹੈ?

ਜੇਕਰ ਤੁਸੀਂ ਗ਼ਲਤੀ ਨਾਲ ਆਪਣੀ ਇਲੈਕਟ੍ਰਾਨਿਕ ਦਵਾਈ ਦੀ ਪਰਚੀ ਵਾਲੇ ਟੋਕਨ ਵਾਲੇ SMS ਜਾਂ ਈਮੇਲ ਨੂੰ ਗੁਆ ਜਾਂ ਨਸ਼ਟ ਕਰ ਦਿੰਦੇ ਹੋ, ਤਾਂ ਤੁਸੀਂ ਇਸਨੂੰ ਦੁਬਾਰਾ ਭੇਜਣ ਲਈ ਕਹਿ ਸਕਦੇ ਹੋ। ਦਵਾਈ ਦੀ ਅਸਲੀ ਪਰਚੀ ਲਈ, ਲਿਖਣ ਵਾਲੇ ਡਾਕਟਰ ਨਾਲ ਸੰਪਰਕ ਕਰੋ। ਪਰਚੀ 'ਤੇ ਇੱਕ ਤੋਂ ਵੱਧ ਵਾਰ ਦਵਾਈ ਲੈਣ ਲਈ, ਉਸ ਫਾਰਮੇਸੀ ਨਾਲ ਸੰਪਰਕ ਕਰੋ ਜਿਸਨੇ ਪਰਚੀ 'ਤੇ ਇੱਕ ਤੋਂ ਵੱਧ ਵਾਰ ਦਵਾਈ ਲੈਣ ਲਈ ਟੋਕਨ ਜਾਰੀ ਕੀਤਾ ਹੈ।

## ਐਕਟਿਵ ਸਕ੍ਰਿਪਟ ਲਿਸਟ (Active Script List) ਕੀ ਹੁੰਦੀ ਹੈ?

ਐਕਟਿਵ ਸਕ੍ਰਿਪਟ ਲਿਸਟ ਤੁਹਾਡੀ ਦਵਾਈ ਦੀਆਂ ਇਲੈਕਟ੍ਰਾਨਿਕ ਪਰਚੀਆਂ ਦੀ ਇੱਕ ਡਿਜ਼ੀਟਲ ਸੂਚੀ ਹੈ। ਜੇਕਰ ਤੁਸੀਂ ਕਈ ਦਵਾਈਆਂ ਲੈਂਦੇ ਹੋ ਤਾਂ ਇਹ ਇੱਕ ਸੁਵਿਧਾਜਨਕ ਵਿਕਲਪ ਹੋ ਸਕਦਾ ਹੈ।

## ਐਕਟਿਵ ਸਕ੍ਰਿਪਟ ਲਿਸਟ (Active Script List) ਦੇ ਕੀ ਫ਼ਾਇਦੇ ਹੁੰਦੇ ਹਨ?

- ਹੁਣ ਤੁਹਾਨੂੰ ਕਈ ਦਵਾਈਆਂ ਦੀਆਂ ਇਲੈਕਟ੍ਰਾਨਿਕ ਪਰਚੀਆਂ ਵਾਲੇ ਟੋਕਨਾਂ 'ਤੇ ਨਜ਼ਰ ਰੱਖਣ ਦੀ ਲੋੜ ਨਹੀਂ ਹੈ।
- ਆਸਟ੍ਰੇਲੀਆ ਭਰ ਦੀਆਂ ਜ਼ਿਆਦਾਤਰ ਫਾਰਮੇਸੀਆਂ ਕੋਲ ਹੁਣ ਐਕਟਿਵ ਸਕ੍ਰਿਪਟ ਲਿਸਟ (Active Script List) ਤੱਕ ਪਹੁੰਚ ਹੈ ਅਤੇ ਉਹ ਤੁਹਾਡੀਆਂ ਦਵਾਈਆਂ ਨੂੰ ਭੇਜ ਸਕਦੀਆਂ ਹਨ ਬਸ਼ਰਤੇ ਤੁਸੀਂ ਉਹਨਾਂ ਨੂੰ ਸਹਿਮਤੀ ਦਿੱਤੀ ਹੋਵੇ।
- ਐਕਟਿਵ ਸਕ੍ਰਿਪਟ ਲਿਸਟ ਤੁਹਾਡੇ ਡਾਕਟਰ ਅਤੇ ਫਾਰਮਾਸਿਸਟ ਨੂੰ ਤੁਹਾਡੀਆਂ ਦਵਾਈਆਂ ਨੂੰ ਵਧੇਰੇ ਆਸਾਨੀ ਨਾਲ ਪ੍ਰਬੰਧਿਤ ਕਰਨ ਵਿੱਚ ਮਦਦ ਕਰਦੀ ਹੈ।
- ਜੇਕਰ ਤੁਹਾਡੀ ਫਾਰਮੇਸੀ ਹੋਮ ਡਿਲੀਵਰੀ ਕਰਦੀ ਹੈ, ਤਾਂ ਤੁਹਾਨੂੰ ਦਵਾਈਆਂ ਲੈਣ ਲਈ ਆਪਣੇ ਘਰੋਂ ਬਾਹਰ ਜਾਣ ਦੀ ਲੋੜ ਨਹੀਂ ਹੈ।

## ਮੈਂ ਐਕਟਿਵ ਸਕ੍ਰਿਪਟ ਲਿਸਟ ਕਿਵੇਂ ਪ੍ਰਾਪਤ ਕਰਾਂ?

- ਆਪਣੀ ਲਿਸਟ ਸੈਟ ਅਪ ਕਰਨ ਲਈ, ਇੱਕ ਮੋਬਾਈਲ ਫ਼ੋਨ ਅਤੇ ਪਛਾਣ ਦੇ 100 ਪੁਆਇੰਟਾਂ ਨਾਲ ਆਪਣੀ ਫਾਰਮੇਸੀ 'ਤੇ ਜਾਓ ਪਛਾਣ ਦੇ 100 ਪੁਆਇੰਟ (PDF, 83.08 KB)।

- ਤੁਹਾਡੇ ਰਜਿਸਟਰ ਹੋਣ ਤੋਂ ਬਾਅਦ, ਕੋਈ ਵੀ ਦਵਾਈ ਦੀ ਇਲੈਕਟ੍ਰਾਨਿਕ ਪਰਚੀ ਜੋ ਤੁਸੀਂ ਪ੍ਰਾਪਤ ਕਰਦੇ ਹੋ, ਤੁਹਾਡੀ ਐਕਟਿਵ ਸਕ੍ਰਿਪਟ ਲਿਸਟ ਵਿੱਚ ਆਪਣੇ ਆਪ ਸ਼ਾਮਲ ਹੋ ਜਾਵੇਗੀ। ਤੁਸੀਂ ਆਪਣੇ ਡਾਕਟਰ ਨਾਲ ਗੱਲ ਕਰਕੇ ਕੁੱਝ ਦਵਾਈਆਂ ਨੂੰ ਨਾ ਸ਼ਾਮਲ ਕੀਤੇ ਜਾਣ ਦੀ ਚੋਣ ਕਰ ਸਕਦੇ ਹੋ।

- ਜੇਕਰ ਤੁਸੀਂ ਚੁਣਦੇ ਹੋ ਤਾਂ ਤੁਸੀਂ ਟੋਕਨ ਦੇ ਲਿੰਕ ਦੇ ਨਾਲ-ਨਾਲ ਇੱਕ SMS ਜਾਂ ਈਮੇਲ ਵੀ ਪ੍ਰਾਪਤ ਕਰ ਸਕਦੇ ਹੋ।

ਜਦੋਂ ਤੁਸੀਂ ਆਪਣੀ ਫਾਰਮੇਸੀ 'ਤੇ ਜਾਂਦੇ ਹੋ, ਤਾਂ ਉਹਨਾਂ ਨੂੰ ਤੁਹਾਡੀ ਐਕਟਿਵ ਸਕ੍ਰਿਪਟ ਲਿਸਟ ਤੱਕ ਪਹੁੰਚ ਕਰਨ ਅਤੇ ਤੁਹਾਡੀ ਦਵਾਈ ਭੇਜਣ ਲਈ ਕਹੋ।

## ਵਾਧੂ ਸਰੋਤ

ਦਵਾਈ ਦੀ ਇਲੈਕਟ੍ਰਾਨਿਕ ਪਰਚੀ ਵੈੱਬਪੇਜ: https://www.digitalhealth.gov.au/electronic-prescriptions

ਦਵਾਈ ਦੀ ਇਲੈਕਟ੍ਰਾਨਿਕ ਪਰਚੀ ਅਤੇ ਐਕਟਿਵ ਸਕ੍ਰਿਪਟ ਲਿਸਟ ਔਨਲਾਈਨ ਸਿਖਲਾਈ:
https://training.digitalhealth.gov.au/mod/page/view.php?id=961

ਆਸਟ੍ਰੇਲੀਅਨ ਡਿਜੀਟਲ ਹੈਲਥ ਏਜੰਸੀ ਸੰਪਰਕ ਫਾਰਮ:www.digitalhealth.gov.au/contact-us

ਅਨੁਵਾਦ ਅਤੇ ਦੁਭਾਸ਼ੀਆ ਸੇਵਾ
131 450
www.tisnational.gov.au/Help-using-TIS-National-services/Contact-TIS-National

ਨੈਸ਼ਨਲ ਰੀਲੇਅ ਸੇਵਾ
1300 555 727
www.accesshub.gov.au